# ਮਸੀਹ ਨੇ ਯੂਹੰਨਾ ਨੂੰ ਆਉਣ ਵਾਲੀਆਂ ਗੱਲਾਂ ਵਿਖਾਈਆਂ

ਜਿਹੜੇ ਬੱਚਿਆਂ ਨੂੰ ਸਿੱਖਿਆ ਦੇਂਦੇ ਹਨ, ਉਨ੍ਹਾਂ ਨੂੰ R4b ਦਾ ਅਧਿਐਨ ਕਰਨਾ ਚਾਹੀਦਾ ਹੈ।

**1. ਪਰਕਾਸ਼ ਦੀ ਪੋਥੀ ਬਾਰੇ ਸਿੱਖਿਆ ਦੇਣ ਲਈ ਪ੍ਰਾਰਥਨਾ ਅਤੇ ਵਚਨ ਨਾਲ ਤਿਆਰੀ ਕਰੋ।**

ਪ੍ਰਾਰਥਨਾ : ''ਯਿਸੂ, ਤੂੰ ਸਭਨਾਂ ਵਸਤਾਂ ਤੇ ਪਰਮੇਸ਼ੁਰ ਹੈਂ। ਮੈਨੂੰ ਅਤੇ ਮੇਰੇ ਵਿਸ਼ਵਾਸੀਆਂ ਨੂੰ ਤੇਰੀ ਸੇਵਾ ਕਰਨ ਅਤੇ ਤੇਰੇ ਆਉਣ ਦੀ ਉਡੀਕ ਮੁਬਾਰਕ ਆਸ ਨਾਲ ਕਰਨ ਵਿੱਚ ਮਦਦ ਕਰ।''

**ਧਿਆਨ ਦਿਓ**: ਪਰਕਾਸ਼ ਦੀ ਪੋਥੀ ਵਿੱਚ ਬਹੁਤ ਸਾਰੇ ਚਿੰਨ੍ਹ ਹਨ। ਬਹੁਤ ਸਾਰੇ ਚਿੰਨ੍ਹ ਪੁਰਾਣੇ ਨੇਮ ਵਿੱਚੋਂ ਹਨ। ਨਵਾਂ ਨੇਮ ਵਿਖਾਉਂਦਾ ਹੈ ਕਿ ਮਸੀਹ ਨੇ ਪੁਰਾਣੇ ਨੇਮ ਦੀਆਂ ਭਵਿੱਖਬਾਣੀਆਂ ਨੂੰ ਕਿਵੇਂ ਪੂਰਾ ਕੀਤਾ। ਪਰਕਾਸ਼ ਦੀ ਪੋਥੀ ਉਨ੍ਹਾਂ ਮਸੀਹੀ ਲੋਕਾਂ ਨੂੰ ਜਿਹੜੇ ਦੁੱਖ ਉਠਾਉਂਦੇ ਹਨ ਸਿੱਖਿਆ ਦੇਂਦੀ ਹੈ ਕਿ ਉਹ ਮਸੀਹ ਦੇ ਮੁੜ ਧਰਤੀ ਤੇ ਵਾਪਸ ਆਉਣ ਤੱਕ ਮਸੀਹ ਵਿੱਚ ਵਫ਼ਾਦਾਰ ਰਹਿਣ।



ਇਸ ਹਫ਼ਤੇ ਸਾਰੀ ਪਰਕਾਸ਼ ਦੀ ਪੋਥੀ ਪੜ੍ਹੋ। ਹੇਠਾਂ ਦਿੱਤੀ ਸਮਾਂ ਸੂਚੀ ਅਨੁਸਾਰ ਚੱਲੋ। ਪੜ੍ਹੋ ਕਿ ਕਿਵੇਂ ਇਹ ਪੁਸਤਕ ਸਾਨੂੰ ਸਵਰਗ ਨੂੰ ਵੇਖਣ ਅਤੇ ਧਰਤੀ ਉੱਤੇ ਰਹਿਣ ਵਿੱਚ ਮਦਦ ਕਰਦੀ ਹੈ।

ਪਹਿਲਾ ਦਿਨ

ਇਨ੍ਹਾਂ ਸੰਦੇਸ਼ਾਂ ਵਿੱਚ ਮਸੀਹ ਦੇ ਸਵਰਗ ਵਿੱਚ ਹੋਣ ਬਾਰੇ ਪੜ੍ਹੋ:

**1:1-9** ਮਸੀਹ ਨੇ ਧਰਤੀ ਉੱਤੇ ਸਾਡੇ ਲਈ ਜੋ ਕੀਤਾ।

**1:10-19** ਮਸੀਹ ਸਵਰਗ ਵਿੱਚ ਸਾਡੇ ਲਈ ਜੋ ਕਰਦਾ ਹੈ।

**2:1-3:22** ਮਸੀਹ ਧਰਤੀ ਉੱਤੇ ਰਹਿ ਰਹੇ ਵਿਸ਼ਵਾਸੀਆਂ ਨੂੰ ਜੋ ਕਹਿੰਦਾ ਹੈ। (7 ਕਲੀਸਿਯਾਵਾਂ)

**4:1-5:14** ਸਵਰਗ ਦੇ ਮਸੀਹ ਨੂੰ ਵਿਸ਼ਵਾਸੀ ਜੋ ਕਹਿੰਦੇ ਹਨ।

ਦੂਜਾ ਦਿਨ

ਇਨ੍ਹਾਂ ਸੰਦੇਸ਼ਾਂ ਵਿੱਚ ਮਸੀਹ ਲਈ ਜੀਉਣ ਬਾਰੇ ਪੜ੍ਹੋ:

**6:1-17** ਜੋ ਸਵਰਗ ਵਿੱਚ ਤੈਅ ਹੁੰਦਾ ਹੈ, ਉਹੋ ਧਰਤੀ ਉੱਤੇ ਹੁੰਦਾ ਹੈ। (7 ਮੋਹਰਾਂ)

**7:1-8** ਵਿਸ਼ਵਾਸੀ ਧਰਤੀ ਉੱਤੇ ਮਸੀਹ ਲਈ ਜੋ ਕਰਦੇ ਹਨ। (12 ਗੋਤਰ)

**7:9-8:6** ਮਸੀਹ ਵਿਸ਼ਵਾਸੀਆਂ ਲਈ ਸਵਰਗ ਵਿੱਚ ਜੋ ਕਰਦਾ ਹੈ।

ਤੀਜਾ ਦਿਨ

ਇਨ੍ਹਾਂ ਸੰਦੇਸ਼ਾਂ ਵਿੱਚ ਪਰਮੇਸ਼ਰ ਵੱਲੋਂ ਨਿਆਂ ਬਾਰੇ ਪੜ੍ਹੋ:

**8:7-9:21** ਭਿਆਨਕ ਗੱਲਾਂ ਜੋ ਧਰਤੀ ਉੱਤੇ ਹੋਣਗੀਆਂ।

(7 ਤੁਰ੍ਹੀਆਂ)

**10:1-11:2** ਅਜ਼ਬ ਗੱਲਾਂ ਜੋ ਸਵਰਗ ਵਿੱਚ ਹੋਣਗੀਆਂ। (7 ਬੱਦਲ)

**11:3-14** ਬੁਰੇ ਲੋਕ ਧਰਤੀ ਉੱਤੇ ਵਫ਼ਾਦਾਰ ਵਿਸ਼ਵਾਸੀਆਂ ਨਾਲ ਜੋ ਕਰਦੇ ਹਨ। (2 ਗਵਾਹ)

**11:15-19** ਸਵਰਗ ਜੋ ਬੁਰੇ ਲੋਕਾਂ ਨਾਲ ਕਰਦਾ ਹੈ।

### ਚੌਥਾ ਦਿਨ

ਇਨ੍ਹਾਂ ਸੰਦੇਸ਼ਾਂ ਵਿੱਚ ਆਤਮਿਕ ਲੜਾਈ ਬਾਰੇ ਪੜ੍ਹੋ:

**12:1-12** ਸਵਰਗ ਵਿੱਚ ਬੁਰਾਈ ਅਤੇ ਅੱਛਾਈ ਵਿੱਚਕਾਰ ਲੜਾਈ।

**12:13-17** ਧਰਤੀ ਉੱਤੇ ਬੁਰਾਈ ਅਤੇ ਅੱਛਾਈ ਵਿੱਚਕਾਰ ਲੜਾਈ।

**13:1-10** ਧਰਤੀ ਉੱਤੇ ਵਿਸ਼ਵਾਸੀਆਂ ਵਿਰੁੱਧ ਰਾਜਨੀਤਿਕ ਸ਼ਕਤੀ। (2 ਦਰਿੰਦੇ)

**13:11-18** ਧਰਤੀ ਉੱਤੇ ਵਿਸ਼ਵਾਸੀਆਂ ਵਿਰੁੱਧ ਆਤਮਿਕ ਸ਼ਕਤੀ।

### ਪੰਜਵਾਂ ਦਿਨ

ਇੰਨ੍ਹਾਂ ਸੰਦੇਸ਼ਾਂ ਵਿੱਚ ਮਸੀਹੀ ਹੋਣ ਤੇ ਦੁੱਖ ਉਠਾਉਣ ਬਾਰੇ ਪੜ੍ਹੋ

**14:1-5** ਦੁੱਖ ਉਠਾਉਣ ਵਾਲੇ ਵਿਸ਼ਵਾਸੀ ਜਿਹੜੇ ਸਵਰਗ ਵਿੱਚ ਪਹੁੰਚੇ।

**14:6-12** ਸ਼ਕਤੀਸ਼ਾਲੀ ਚੇਲੇ ਜਿਹੜੇ ਸਵਰਗ ਤੋਂ ਧਰਤੀ ਤੇ ਆਏ।

**14:13-18** ਜੋ ਪਰਮੇਸ਼ੁਰ ਸਵਰਗ ਵਿੱਚ ਫੈਸਲਾ ਕਰਦਾ ਹੈ।

**14:19-20** ਜੋ ਪਰਮੇਸ਼ੁਰ ਧਰਤੀ ਤੇ ਕਰਦਾ ਹੈ। (7 ਦੂਤ)।

### ਪੰਜਵਾਂ ਦਿਨ (ਜਾਰੀ ਰੱਖਣਾ)

ਇਨ੍ਹਾਂ ਸੰਦੇਸ਼ਾਂ ਵਿੱਚ ਮਸੀਹ ਦੇ ਵਾਪਸ ਆਉਣ ਬਾਰੇ ਪੜ੍ਹੋ:

**15:1-8** ਪਰਮੇਸ਼ੁਰ ਸਵਰਗ ਵਿੱਚ ਨਿਆਂ ਦਾ ਕਿਵੇਂ ਫੈਸਲਾ ਕਰੇਗਾ।

**16:1-21** ਪਰਮੇਸ਼ੁਰ ਧਰਤੀ ਤੇ ਕਿਵੇਂ ਨਿਆਂ ਲਿਆਵੇਗਾ।

**17:1-18:3** ਧਰਤੀ ਉੱਤੇ ਸ਼ਕਤੀਸ਼ਾਲੀ ਦੇਸ਼ ਕਿਵੇਂ ਡਿੱਗਣਗੇ। (7 ਰਾਜੇ)

**18:4-8** ਪਰਮੇਸ਼ੁਰ ਸਵਰਗ ਤੋਂ ਸ਼ਕਤੀਸ਼ਾਲੀ ਦਾ ਨਿਆਉਂ ਕਿਵੇਂ ਕਰੇਗਾ।

**18:9-24** ਪਰਮੇਸ਼ੁਰ ਦੀ ਇੱਛਾ ਧਰਤੀ ਉੱਤੇ ਕਿਵੇਂ ਆਖਰੀ ਨਿਆਉਂ ਲਿਆਵੇਗਾ।

**19:1-10** ਪਰਮੇਸ਼ੁਰ ਦੀ ਇੱਛਾ ਸਵਰਗ ਤੋਂ ਆਖਰੀ ਜਿੱਤ ਕਿਵੇਂ ਲਿਆਵੇਗਾ।

### ਛੇਵਾਂ ਦਿਨ

ਇਨ੍ਹਾਂ ਸੰਦੇਸ਼ਾਂ ਵਿੱਚ ਮਸੀਹ ਦੇ ਸਦੀਪਕ ਰਾਜ ਬਾਰੇ ਪੜ੍ਹੋ:

**19:11-18** ਯਿਸੂ ਸਵਰਗ ਵਿੱਚ ਰਾਜੇ ਦੇ ਰੂਪ ਵਿੱਚ ਕਿਵੇਂ ਰਾਜ ਕਰੇਗਾ।

**19:19-21** ਮਸੀਹ ਧਰਤੀ ਉੱਤੇ ਕਿਵੇਂ ਜੇਤੂ ਹੋਵੇਗਾ।

**20:1-3** ਸਵਰਗ ਦੀ ਸ਼ਕਤੀ ਸ਼ੈਤਾਨ ਨੂੰ ਕਿਵੇਂ ਬੰਨ੍ਹੇਗੀ।

**20:4-10** ਮਸੀਹ ਦੀ ਸ਼ਕਤੀ ਧਰਤੀ ਉੱਤੇ ਕਿਵੇਂ ਰਾਜ ਕਰੇਗੀ। (ਪਹਿਲਾ ਜੀ ਉੱਠਣਾ)

**20:11-17** ਪਰਮੇਸ਼ੁਰ ਸਵਰਗ ਵਿੱਚ ਦੁਸ਼ਟਾਂ ਦਾ ਕਿਵੇਂ ਨਿਆਂ ਕਰੇਗਾ। (ਦੂਜੀ ਮੌਤ)

**21:1-8** ਪਰਮੇਸ਼ੁਰ ਧਰਤੀ ਤੇ ਸਾਰੇ ਧਰਮੀਆਂ ਨੂੰ ਕਿਵੇਂ ਇਨਾਮ ਦੇਵੇਗਾ।


### ਸੱਤਵਾਂ ਦਿਨ

ਇਨ੍ਹਾਂ ਸੰਦੇਸ਼ਾਂ ਵਿੱਚ ਅੱਜ ਦੇ ਲੋਕਾਂ ਲਈ ਜੋ ਹੈ ਪੜ੍ਹੋ:

**21:9-27** ਵਿਸ਼ਵਾਸੀਆਂ ਲਈ ਸਵਰਗ ਦੇ ਵਾਅਦੇ।

**22:1-5** ਧਰਤੀ ਉੱਤੇ ਬੁਰੇ ਲੋਕਾਂ ਲਈ ਚੇਤਾਵਨੀਆਂ।

ਪਰਕਾਸ਼ ਦੀ ਪੋਥੀ ਦੀਆਂ ਮੁੱਖ ਘਟਨਾਵਾਂ




**2.** ਆਪਣੇ ਸਹਿਕਰਮੀਆਂ ਨਾਲ ਮਿਲਕੇ ਆਉਣ ਵਾਲੇ ਹਫ਼ਤੇ ਲਈ ਗਤੀਵਿਧੀਆਂ ਦੀ ਯੋਜਨਾ ਬਣਾਓ।

ਉਨ੍ਹਾਂ ਵਿਸ਼ਵਾਸੀਆਂ ਕੋਲ ਜਾਓ ਜਿਹੜੇ ਦੁੱਖ ਭੋਗ ਰਹੇ ਹਨ ਜਾਂ ਪਰਤਾਏ ਜਾ ਰਹੇ ਹਨ, ਅਤੇ ਉਨ੍ਹਾਂ ਲਈ ਪਰਕਾਸ਼ ਦੀ ਪੋਥੀ ਵਿੱਚੋਂ ਮੁੜ ਭਰੋਸਾ ਦਿਵਾਉਣ ਵਾਲੀਆਂ ਇਹ ਸੱਤ ਭਵਿੱਖਬਾਣੀਆਂ ਪੜ੍ਹੋ: **ਪਰਕਾਸ਼ ਦੀ ਪੋਥੀ 2:10; 3:10; 7:14; 13:10; 14:12; 20:4; ਅਤੇ 21:7**

ਦੱਸੋ ਕਿ ਮਸੀਹੀ ਲੋਕਾਂ ਦਾ ਆਉਣਾ, ਹਮੇਸ਼ਾ ਸਮੱਸਿਆਵਾਂ ਹੋਣਗੀਆਂ, ਪਰ ਮਸੀਹ ਸਾਨੂੰ ਇਨਾਮ ਦੇਵੇਗਾ, ਜੇਕਰ ਅਸੀਂ ਉਸ ਪ੍ਰਤੀ ਵਫ਼ਾਦਾਰ ਰਹਾਂਗੇ

ਜੇਕਰ ਤੁਸੀਂ ਨਵੇਂ ਆਗੂਆਂ ਨੂੰ ਸਿਖਾ ਰਹੇ ਹੋ, ਤਾਂ ਫਿਰ ਪਰਕਾਸ਼ ਦੀ ਪੋਥੀ ਦੀ ਵਿਆਖਿਆ ਕਰਨ ਲਈ ਉਨ੍ਹਾਂ ਨੂੰ ਹੇਠ ਲਿਖੇ ਨਿਰਦੇਸ਼ ਦਿਓ।

- ਪੁਰਾਣੇ ਨੇਮ ਵਿੱਚ ਚਿੰਨ੍ਹਾਂ ਦਾ ਅਰਥ ਲੱਭੋ।
- ਪਰਕਾਸ਼ ਦੀ ਪੋਥੀ ਵਿੱਚੋਂ ਉਹੋ ਚਿੰਨ੍ਹ ਦਿਓ, ਜਿਨ੍ਹਾਂ ਦੇ ਅਰਥ ਬਾਈਬਲ ਦੇ ਹੋਰ ਭਾਗਾਂ ਵਿੱਚ ਸਿਖਾਏ ਗਏ ਹਨ।
- ਇਹ ਪੁਸਤਕ ਉਹ ਚਿੱਤਰ ਅਤੇ ਤਸਵੀਰਾਂ ਪ੍ਰਦਾਨ ਕਰਦੀ ਹੈ, ਜਿਹੜੀਆਂ ਸਾਨੂੰ ਜਾਣਨ ਵਿੱਚ ਮਦਦ ਕਰਦੀਆਂ ਹਨ ਕਿ ਪਰਮੇਸ਼ੁਰ ਦਾ ਸਾਰੇ ਸੰਸਾਰ ਉੱਤੇ ਅਧਿਕਾਰ ਹੈ, ਭਾਵੇਂ ਜਦ ਕਿ ਅਸੀਂ ਮਸੀਹ ਲਈ ਦੁੱਖ ਉਠਾਉਂਦੇ ਹਾਂ
- ਲੱਭੋ ਕਿ ਕਿਵੇਂ ਪੁਸਤਕ ਦਾ ਹਰ ਇਕ ਹਿੱਸਾ ਵਿਸ਼ਵਾਸੀਆਂ ਨੂੰ ਮਸੀਹ ਦੀ ਆਗਿਆ ਪਾਲਨ ਅਤੇ ਸਵਰਗ ਲਈ ਆਸ ਕਰਨ ਵਿੱਚ ਮਦਦ ਕਰਦਾ ਹੈ।
- ਪੁਸਤਕ ਜੋ ਸਿਖਾਉਂਦੀ ਹੈ, ਉਸ ਨੂੰ ਹਮੇਸ਼ਾ ਵਿਸ਼ਵਾਸੀਆਂ ਨੂੰ ਲਾਗੂ ਕਰਨ ਲਈ ਕਹੋ

**3.** ਆਪਣੇ ਸਹਿਕਰਮੀਆਂ ਨਾਲ ਮਿਲਕੇ ਆਉਣ ਵਾਲੀ ਅਰਾਧਨਾ ਬਾਰੇ ਯੋਜਨਾ ਬਣਾਓ।

ਪਰਕਾਸ਼ ਦੀ ਪੋਥੀ ਵਿੱਚੋਂ ਇਕ ਅਧਿਆਏ (ਹੋ ਸਕੇ ਤੇ ਅਧਿਆਏ 7) ਪੜ੍ਹੋ ਜਾਂ ਕਿਸੇ ਹੋਰ ਨੂੰ ਦੂਜਿਆਂ ਲਈ ਇਸਨੂੰ ਪੜ੍ਹਨ ਦਿਓ।

ਦੱਸੋ ਕਿ ਪੁਸਤਕ ਦੀ ਕਿਵੇਂ ਵਿਆਖਿਆ ਕਰਨੀ ਹੈ ਅਤੇ ਵਿਸ਼ਵਾਸੀਆਂ ਨੂੰ ਵਿੱਚਾਰ ਵਿਮਰਸ਼ ਕਰਨ ਦਿਓ ਕਿ ਇਹ ਉਨ੍ਹਾਂ ਤੇ ਕਿਵੇਂ ਲਾਗੂ ਹੁੰਦੀ ਹੈ।

ਬੱਚਿਆਂ ਨੂੰ ਜੋ ਉਨ੍ਹਾਂ ਤਿਆਰ ਕੀਤਾ ਹੈ ਪੇਸ਼ ਕਰਨ ਦਿਓ।

ਪ੍ਰਭੂ ਭੋਜ ਸ਼ੁਰੂ ਕਰਨ ਲਈ, ਪਰਕਾਸ਼ ਦੀ ਪੋਥੀ 1:17 ਅਤੇ 18 ਪੜ੍ਹੋ ਅਤੇ ਦੱਸੋ ਕਿ ਯਿਸੂ ਦੀ ਮੌਤ ਅਤੇ ਉਸਦਾ ਜੀ ਉੱਠਣਾ ਸਾਨੂੰ ਹੁਣ ਅਤੇ ਹਮੇਸ਼ਾਂ ਲਈ ਨਵਾਂ ਜੀਵਨ ਦੇਂਦਾ ਹੈ, ਅਤੇ ਇਕੱਠੇ ਮਿਲਕੇ ਰੋਟੀ ਤੋੜਨਾ, ਸਾਨੂੰ ਇਹ ਸੱਚਾਈਆਂ ਨੂੰ ਯਾਦ ਰੱਖਣ ਵਿੱਚ ਮਦਦ ਕਰਦਾ ਹੈ।

ਇੱਕ ਦੂਜੇ ਦੀਆਂ ਲੋੜਾਂ ਨੂੰ ਸੁਣਨ ਲਈ, ਉਨ੍ਹਾਂ ਨੂੰ ਇਕ ਦੂਜੇ ਪ੍ਰਤੀ ਵਫ਼ਾਦਾਰ ਰਹਿਣ, ਅਤੇ ਇਕ ਦੂਜੇ ਲਈ ਪ੍ਰਾਰਥਨਾ ਕਰਨ ਲਈ ਤਿੰਨ ਜਾਂ ਚਾਰ ਲੋਕਾਂ ਦੇ ਛੋਟੇ ਸਮੂਹ ਬਣਾਓ

ਇਕੱਠੇ ਮਿਲਕੇ ਪਰਕਾਸ਼ ਦੀ ਪੋਥੀ 19:10 ਯਾਦ ਕਰੋ।

Copyright 2004 © by Paul-Timothy. May be freely copied. Download from www.Paul-Timothy.net